## ਅਨੁਸੂਚਿਤ ਜਾਤੀਆਂ ਦੇ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਮੁਫਤ ਪਾਠ-ਪੁਸਤਕਾਂ ਸਪਲਾਈ ਕਰਨ ਦੀ ਸਕੀਮ

ਭਲਾਈ ਵਿਭਾਗ ਵੱਲੋਂ ਇਹ ਸਕੀਮ ਸਾਲ 1976-77 ਤੋਂ ਮਿਡਲ ਕਲਾਸਾਂ ਲਈ, ਸਾਲ 1981-82 ਤੋਂ ਹਾਈ ਅਤੇ 1986-87 ਤੋਂ ਪ੍ਰਾਇਮਰੀ ਕਲਾਸਾਂ ਲਈ ਅਰੰਭੀ ਗਈ ਸੀ। ਇਸ ਸਕੀਮ ਤਹਿਤ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਫਤ ਪਾਠ-ਪੁਸਤਕਾਂ ਹਰ ਵਿਦਿਅਕ ਸ਼ੈਸ਼ਨ ਦੇ ਸ਼ੁਰੂ ਵਿੱਚ ਸਪਲਾਈ ਕੀਤੀਆਂ ਜਾਂਦੀਆਂ ਹਨ। ਇਸ ਸਕੀਮ ਤਹਿਤ ਪਾਠ-ਪੁਸਤਕਾਂ ਦੀ ਛਪਾਈ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ ਤੋਂ ਕਰਵਾਈ ਜਾਂਦੀ ਹੈ। ਮੁਫਤ ਪਾਠ-ਪੁਸਤਕਾਂ ਦੀ ਵੰਡ ਸਰਵ-ਸਿੱਖਿਆ ਅਭਿਆਨ, ਸਿੱਖਿਆ ਵਿਭਾਗ ਦੇ ਅਧਿਕਾਰੀਆਂ ਰਾਹੀਂ ਕੀਤੀ ਜਾਂਦੀ ਹੈ।